# Article 5

## ਸਨ ੧੯੪੫ ਵਿਚ ਲਾਗੂ ਕੀਤੀ ਰਹਿਤ ਮਰਯਾਦਾ ਅਨੁਸਾਰ ਨਿਤ ਨੇਮ ਦੇ ਪਾਠ ਤੇ ਨਿਰੋਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਆਧਾਰ ਤੇ ਨਿਤ ਨੇਮ ਦੇ ਪਾਠ।

ਗੁਰੂ ਗ੍ਰੰਥ ਸਾਹਬ ਜੀ ਦੀ ਬਾਣੀ, ਗੁਰਬਾਣੀ ਦਾ ਪਾਠ ਕਰਨ ਦਾ ਹੁਕਮ ਦਿੰਦੀ ਹੈ। ਗੁਰਬਾਣੀ, ਪੜ੍ਹਨ ਸੁਣਨ ਤੇ ਗਾਉਨ ਨਾਲ, ਗੁਰਬਾਣੀ ਸਹਜੇ ਹੀ ਮਨ ਵਿਚ ਵਸਦੀ ਹੈ। ਨਤੀਜੇ ਵਜੋਂ ਪੜ੍ਹੇ ਤੇ ਅਨਪੜ੍ਹ ਪ੍ਰਾਣੀ ਦਾ ਆਚਾਰ ਬਿਓਹਾਰ, ਮਨੁੱਖ ਦੇ ਵਿਚਾਰ ਤੇ ਕਰਮ ਨਿਰਮਲ ਹੋ ਜਾਂਦੇ ਹਨ। ਐਸੇ ਮਨੁੱਖ ਮੰਦੇ ਵਿਚਾਰਾਂ ਤੇ ਕਰਮਾਂ ਤੋਂ ਸਹਜ ਸੁਭਾਇ ਖਲਾਸੀ ਪਾ ਲੈਂਦੇ ਹਨ।

ਜਿਸੁ ਮਨੁਖ ਦੇ ਮਨ ਵਿਚ ਗੁਰਬਾਣੀ ਵਸ ਜਾਏ ਉਸਦੇ ਦੇ ਦੁੱਖ, ਦਰਦ ਦੂਰ ਹੁੰਦੇ ਹਨ।

'ਗੁਰ ਕੀ ਬਾਣੀ ਜਿਸੁ ਮਨਿ ਵਸੈ ॥
ਦੂਖੁ ਦਰਦ ਸਭੁ ਤਾ ਕਾ ਨਸੈ' ॥ ਪਨਾ ੧੩੪੦

ਗੁਰਸਿੱਖਾਂ ਦਾ ਨਿਤ ਨੇਮ ਗੁਰਬਾਣੀ ਤੋਂ

ਗੁਰੂ ਗ੍ਰੰਥ ਸਾਹਿਬ ਦੇ ਪਨਾ ੧ ਤੋਂ ੧੩ ਤਕ ਗੁਰੂ ਜੀ ਨੇ ਨਿਤ ਨੇਮ ਦੇ ਪਾਠ ਲਿਖੇ ਹਨ।

ਗੁਰਸਿੱਖਾਂ ਨੂੰ ਹੁਕਮ ਹੈ ਕਿ ਉਹ ਅੰਮ੍ਰਿਤ ਵੇਲੇ, ਸੂਰਜ ਛਿਪਣ ਵੇਲੇ ਤੇ ਸੌਣ ਸਮੇ ਗੁਰਬਾਣੀ ਦੇ ਨੀਅਤ ਕੀਤੇ ਪਾਠ ਪ੍ਰੇਮ ਨਾਲ ਕਰਨ।

ਗੁਰਬਾਣੀ ਸੁਣਨ ਨਾਲ ਮਨ ਦੀ ਵਿਕਾਰਾਂ ਦੀ ਮੈਲ ਉਤਰਦੀ ਹੈ ਮਨ ਨਿਰਮਲ ਹੁੰਦਾ ਹੈ ਤੇ ਨਾਮ ਸੁਭਾਵਕ ਮਨ ਵਿਚ ਵਸਦਾ ਹੈ।

ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ ॥ ਪਨਾ ੬੬੫

## ਗੂਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਪਾਠ

ਅੰਮ੍ਰਿਤ ਵੇਲੇ--- ਜਪੁ ਜੀ ਦਾ ਪਾਠ---------ਪਨਾ ੧ ਤੋਂ ੮

ਸੂਰਜ ਛਿਪਣ ਵੇਲੇ
ਸੋ ਦਰੁ ਤੋਂ ਸਰਣਿ ਪਰੇ ਕੀ ਰਾਖਹੁ ਸਰਮਾ ਤਕ ਪਨਾ ੮ ਤੋਂ ੧੨

ਸੌਣ ਵੇਲੇ ਸੋਹਿਲਾ ---ਪਨਾ ੧੨-੧੩

ਗੁਰੂ ਜੀ ਦਾ ਹੁਕਮ ਹੈ ਨਾਮ-ਬਾਣੀ ਤੋਂ ਬਿਨਾ ਹੋਰ ਕਿਸੇ ਦੇਵੀ ਦੇਵਤਾ ਦੀ ਪੂਜਾ ਉਸਤਤਿ ਨਹੀਂ ਕਰਨੀ।

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥ ਪਨਾ ੬੩੪

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥ ਪਨਾ ੬੩੭

ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥ ਪਨਾ ੧੨੯

ਮਾਈ ਰੀ ਆਨ ਸਿਮਰਿ ਮਰਿ ਜਾਹਿ ॥
ਤਿਆਗਿ ਗੋਬਿਦੁ ਜੀਅਨ ਕੋ ਦਾਤਾ ਮਾਇਆ ਸੰਗਿ ਲਪਟਾਹਿ ॥
ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥ ਪਨਾ ੧੨੨੫

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਤ ਮਰਯਾਦਾ ਤੇ ਆਧਾਰਿਤ, ਨਿੱਤ ਨੇਮ ਦੇ ਪਾਠ।

ਗੁਰੂ ਗ੍ਰੰਥ ਦੀ ਬਾਣੀ ਦੇ ਪੰਨਾ ੧ ਤੋਂ ੧੩ ਤਕ ਜਪੁ, ਰਹਿਰਾਸ ਤੇ ਸੋਹਿਲਾ ਸਚੀ ਬਾਣੀ ਦੇ ਪਾਠ ਹਨ।
ਕਮੇਟੀ ਦੇ ਪਾਠਾਂ ਵਿਚ ਸੱਚੀ ਬਾਣੀ ਦੇ ਪਾਠਾਂ ਤੋਂ ਇਲਾਵਾ, ਹੋਰ ਪਾਠ ਵੀ ਸ਼ਾਮਲ ਹਨ ਜਿਸਤਰ੍ਹਾਂ, ਜਾਪੁ, ਦਸ ਸਵੈਯੇ ਬੇਨਤੀ ਚਉਪਈ, ਸਵੈਯਾ ‘ਪਾਇ ਗਹੇ ਜਬ ਤੇ

ਤੁਮਰੇ" ਅਤੇ ਦੋਹਿਰਾ 'ਸਗਲ ਦੁਆਰ ਕਉ ਛਾਡਿ ਕੈ', ਜਿਨ੍ਹਾਂ ਨੂੰ ਪੜ੍ਹਨ ਨਾਲ ਦੇਵੀ ਦੇਵਤਿਆਂ ਦੀ ਉਸਤਤਿ ਆਰਾਧਨਾਂ ਹੁੰਦੀ ਹੈ।

ਦੇਵੀ ਦੇਵਤਿਆਂ ਦੀ ਉਸਤਤਿ ਕਰਨ ਵਾਲਿਆਂ ਲਈ ਗੁਰਬਾਣੀ ਦੇ ਹੁਕਮ ਇਹ ਹਨ:-

ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥ ਪਨਾਂ ੧੨੬੭ ਗੁਰੂ ਗ੍ਰੰਥ ਸਾਹਿਬ
(ਜੋ ਨਾਮ ਰੂਪ ਅਕਾਲ ਪੁਰਖ ਤੋਂ ਇਲਾਵਾ ਕਿਸੇ ਹੋਰ ਨੂੰ ਸਿਮਰਦੇ ਹਨ ਉਹ ਮੂੜ, ਮੂਰਖ ਖੋਤੇ ਹਨ)

ਮਾਈ ਰੀ ਆਨ ਸਿਮਰਿ ਮਰਿ ਜਾਂਹਿ
ਤਿਆਗਿ ਗੋਬਿਦੁ ਜੀਅਨ ਕੋ ਦਾਤਾ ਮਾਇਆ ਸੰਗਿ ਲਪਟਾਹਿ ॥੧॥
ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥ ਪਨਾ ੧੨੨੫ ਗੁਰੂ ਗ੍ਰੰਥ ਸਾਹਿਬ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਤ ਮਰਯਦਾ ਅਨੁਸਾਰ ਨਿਤ ਨੇਮ ਦੇ ਪਾਠ

ਅੰਮ੍ਰਿਤ ਵੇਲੇ

ਜਪੁ, ਜਾਪ, ਅਤੇ ੧੦ ਸਵੱਯੇ('ਸ੍ਰਾਵਗ ਸੁਧ') ਵਾਲੇ ਅੰਮ੍ਰਿਤ ਵੇਲੇ ਪੜ੍ਹਨੀਆਂ ਹਨ।

ਜਪੁ ਜੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਪਨਾ ੧ ਤੋਂ ੮ ਤਕ। ਗੁਰਬਾਣੀ ਅਨੁਸਾਰ ਇਹ ਸਚੀ ਬਾਣੀ ਹੈ।

ਸਚਾ ਸਤਿਗੁਰੁ ਸਚੀ ਬਾਣੀ ਜਿਨੁ ਸਚੁ ਵਿਖਾਲਿਆ ਸੋਈ ॥
ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥
ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥ ਪਨਾ ੭੬੯

ਗੁਰਬਾਣੀ ਦਾ ਹੁਕਮ ਹੈ, ਨਾਮ ਰੂਪ ਇੱਕ ਏਕੰਕਾਰ ਅਕਾਲ ਪੁਰਖ ਨੂੰ ਸਿਮਰੋ।

ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥ ਪਨਾ ੧੧੩

ਏਕੋ ਜਪਿ ਏਕੋ ਸਾਲਾਹਿ ॥ਏਕੁ ਸਿਮਰਿ ਏਕੋ ਮਨ ਆਹਿ ॥   ਪਨਾ ੨੮੯

ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰਮੰਤੁ ॥  ਪਨਾ ੩੨੧

ਜਾਪੁ  (ਦਸਮ ਗ੍ਰੰਥ ਪਨਾ ੧-੧੦ )
ਯ.ਗ
ਜਾਪੁ ਦਾ ਰਚੇਤਾ ਕਵੀ, ਸ਼ਕਤੀ ਦਾ ਉਪਾਸ਼ਕ ਹੈ। ਇੱਕ ਹੀ ਸ਼ਕਤੀ ਦੇ ਅਨੇਕਾਂ ਨਾਮ ਹਨ ਜਿਵੇਂ, ਸ਼ਸਤਰਾਂ ਅਸਤਰਾਂ ਨੂੰ ਧਾਰਨ ਕਰਨ ਵਾਲੀ ਭਗਉਤੀ, ਸ੍ਰੀ ਅਸਿਕੇਤ, ਖੜਗ ਕੇਤ, ਜਗਮਾਤਾ, ਸ੍ਰੀ ਅਸਿਧੁਜ, ਕਾਲ, ਮਹਾਕਾਲ, ਚੰਡੀ, ਦੁਰਗਾ ਆਦਿ।

ਜਾਪੁ ਤੋਂ ਪਰਮਾਨ:-
ਛੰਤ ੫੨  ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥
ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥
(ਨਮਸਕਾਰ ਹੈ ਸ਼ਸਤਰਾਂ-ਅਸਤਰਾਂ ਨੂੰ ਧਾਰਨ ਕਰਨ ਵਾਲੀ ਦੇਵੀ ਦੁਰਗਾ ਨੂੰ, ਨਮਸਕਾਰ ਹੈ ਲੋਕ ਮਾਤਾ ਨੂੰ )

ਛੰਤ ੫੪
ਨਮੋਂ ਨਿੱਤ ਨਾਰਾਇਣੇ ਕਰੂਰ ਕਰਮੇ ॥
(ਕਵੀ ਚੰਡੀ ਦੇਵੀ ਨੂੰ, ਨਾਰਾਇਣੀ, ਕ੍ਰੋਧ ਵਾਲੀ ਤੇ ਕਰੂਰ ਕਰਮਾਂ ਵਾਲੀ ਕਹ ਕੇ ਨਮਸਕਾਰ ਕਰਦਾ ਹੈ।)

ਜਾਪੁ ਦਾ ਪਾਠ ਕਰਨ ਵਾਲੇ ਦੇਵੀ ਦੇਵਤਿਆਂ ਦੀ ਉਸਤਿਤ ਅਰਾਧਨਾਂ ਕਰਦੇ ਹਨ।ਗੁਰਬਾਣੀ ਦੇਵੀ ਦੇਵਤਿਆਂ ਦੀ ਉਸਤਤਿ ਤੋਂ ਗੁਰਸਿੱਖਾਂ ਨੂੰ ਵਰਜਦੀ ਹੈ॥

**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥ ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ ॥ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ ॥ ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ ॥੧੦॥੪॥** {ਪੰਨਾ 636-637}

ਸ਼ਾਮ ਵੇਲੇ
(ਸੋ ਦਰੁ ਰਹਿਰਾਸ-ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੇ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਹੋਇ ਨੌਂ ਸ਼ਬਦ (ਸੋ ਦਰੁ ਤੋਂ ਲੈ ਕੇ ਸਰਣਿ ਪਰੇ ਕੀ ਰਾਖਹੁ ਸਰਮਾ ਤਕ) ਇਹ ਸਚੀ ਬਾਣੀ ਹੈ ਗੁਰੂ ਜੀ ਨੂੰ ਪਰਵਾਨ ਹੈ।

ਕਬਿਯੋਬਾਚ ਬੇਨਤੀ ਚਉਪਈ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸ਼ਟ ਦੋਖ ਤੇ ਲੇਹੁ ਬਚਾਈ, ਸਵੱਯਾ 'ਪਾਂਇ ਗਏ ਜਬ ਤੇ ਤੁਮਰੇ', ਦੋਹਰਾ 'ਸਗਲ ਦੁਆਰ ਕਉ ਛਾਡਿ ਕੈ', ਅਨੰਦ ਦੀਆਂ ਪੰਜ ਪਉੜੀਆਂ ਅਤੇ ਅੰਤਲੀ ਇੱਕ ਪਉੜੀ, ਮੁੰਦਾਵਨੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ ਤਕ ॥

ਇਹਨਾਂ ਵਿਚ ਗੁਰਬਾਣੀ ਤੋਂ ਇਲਾਵਾ ਇਹ ਬਾਣੀਆਂ ਹਨ:-

ਕਬਿਯੋਬਾਚ ਬੇਨਤੀ ਚਉਪਈ

ਇਹ ਦਸਮ ਗ੍ਰੰਥ --- ਤ੍ਰਿਯਾ ਚਰਿਤ੍ਰ ਪਨਾ ੮੦੯ ਤੋਂ ਆਰੰਭ ਹੁੰਦਾ ਹੈ

ਬੇਨਤੀ ਦਾ ਪਹਿਲਾ ਛੰਦ ਨੰਬਰ ੩੭੭ ਹੈ।
ਇਹ ਬੇਨਤੀ,ਦਸਮ ਗ੍ਰੰਥ (ਪਨਾ ੧੩੮੬), ਛੰਦ ਨੰਬਰ ੩੭੬ ਤੋਂ ਬਾਅਦ ਹਮਰੀ ਕਰੋ ਹਾਥ ਦੈ ਰੱਛਾ ਤੋਂ ਆਰੰਭ ਹੁੰਦੀ ਹੈ ਤੇ ਦੁਸ਼ਟ ਦੋਖ ਤੇ ਲੇਹੁ ਬਚਾਈ ਤਕ ਪੜ੍ਹਨ ਦਾ ਹੁਕਮ ਰਹਿਤ ਮਰਯਾਦਾ ਦਿੰਦੀ ਹੈ। ਕਵੀ ਆਪਣੇ ਇਸ਼ਟ ਸ੍ਰੀ ਭਗਉਤੀ ਅਗੇ ਬੇਨਤੀ ਕਰਦਾ ਹੈ।ਕਵੀ ਨੇ ਭਗਉਤੀ ਦੇ ਅਨੇਕਾਂ ਨਾਮ ਪ੍ਰਥਮ ਧਯਾਇ ਵਿਚ ਦਿੱਤੇ ਹਨ।ਕੁਝ ਨਾਮ ਇਹ ਹਨ,ਖੜਗਧਾਰਾ, ਬਾਢਵਾਰੀ, ਦੁਰਗਾ, ਸ਼ਿਵਾ,ਕਾਲੀ, ਜਗਮਾਤਾ,ਕਾਲ, ਅਦਿ। ਇਹ ਬੇਨਤੀ ਜਗਮਾਤਾ ਅਗੇ ਹੈ।
(ਇਹ ਸਭ ਬੇਨਤੀਆਂ ਦੇਵੀ ਅਗੇ ਹਨ।)

ਰਹਿਤ ਮਰਯਾਦਾ ਵਿਚ ਪਾਠ, ਦਸਮ ਗ੍ਰੰਥ ਰਾਮ ਅਵਤਾਰ ਦੇ ਅੰਤ ਵਿਚ ਸਵੈਯਾ ੮੬੩ ਤੇ ਦੋਹਿਰਾ ੮੬੪।
ਸਵੈਯਾ ੮੬੩
ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖਿ ਤਰੇ ਨਹੀ ਆਨਯੋ ॥
(ਹੇ ਸ੍ਰੀ ਅਸਪਾਨ-ਮਹਾਂਕਾਲ) ਜਦੋਂ ਤੋਂ ਮੈਂ ਤੇਰੇ ਪੈਰ ਫੜੇ ਹਨ)
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਿਯੋ ॥
ਸਿੰਮ੍ਰਿਤਿ ਸ਼ਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ(ਮਹਾਂਕਾਲ) ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥੮੬੩ ॥
( ਹੇ ਅਸਪਾਨ-ਮਹਾਂਕਾਲ ਜੀ ਰਾਮ ਅਵਤਾਰ ਦੀ ਕਥਾ ਸ੍ਰੀ ਅਸਪਾਨ ਦੀ ਕਿਰਪਾ ਨਾਲ ਬਿਆਨ ਕੀਤੀ ਗਈ ਹੈ)

ਦੋਹਿਰਾ ॥ ਸਗਲ ਦੁਆਰ ਕਉ ਛਾਡਿ ਕੈ ਗਹਿਯੋ ਤੁਹਾਰੋ ਦੁਆਰ ॥
ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ ॥ ੮੬੪ ॥
(ਹੇ ਸ੍ਰੀ ਅਸਪਾਨ ਖੜਗਧਾਰੀ (ਮਹਾਂਕਾਲ) ਮੈਂ ਸਾਰੇ ਦੁਆਰੇ ਛੱਡ ਕੇ ਤੁਹਾਡਾ ਦੁਆਰਾ ਫੜਿਆ ਹੈ। ਬਾਂਹ ਫੜੀ ਦੀ ਲਾਜ ਰੱਖੋ, ਗੋਬਿੰਦ (ਕਵੀ ਦਾ ਉਪਨਾਮ ਹੈ) ਕਹਿੰਦਾ ਹੈ )

ਸੌਣ ਵੇਲੇ
ਸੋਹਿਲਾ- ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ ਹੈ। ਸੋਹਿਲਾ ਸਚੀ ਗੁਰਬਾਣੀ ਤੋਂ ਹੈ।

ਅਰਦਾਸ
ਅੰਮ੍ਰਿਤ ਵੇਲੇ ਅਤੇ ਸੋਦਰ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।
ਅਰਦਾਸ ਇਹ ਹੈ:-(ਇਹ ਭਗਉਤੀ ਦੇਵੀ ਅਗੇ ਅਰਦਾਸ, ਦਸਮ ਗ੍ਰੰਥ ਪਨਾ ੧੧੯ ਵਿਚੋਂ ਹੈ)

ੴ ਵਾਹਿਗੁਰੂ ਜੀ ਕੀ ਫਤਹ ॥
ਸ੍ਰੀ ਭਗਉਤੀ ਜੀ ਕੀ ਸਹਾਇ ॥ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦। ਪ੍ਰਿਥਮ ਭਗਉਤੀ ਸਿਮਰਿ ਕੈ ਗੁਰੂ ਨਾਨਕ ਲਈਂ ਧਿਆਇ ॥ ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ ॥ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿ ਰਾਇ ॥ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖ ਜਾਇ ॥ ਤੇਗ ਬਹਾਦਰ ਸਿਮਰੀਐ ਘਰ ਨਉ ਨਿਧ ਆਵੈ ਧਾਇ ॥ ਸਭ ਥਾਈਂ ਹੋਇਂ ਸਹਾਇ ॥ ਦਸਮ ਗ੍ਰੰਥ ਵਿਚੋਂ ਅਰਦਾਸ ਏਥੇ ਸਮਾਪਤ ਹੁੰਦੀ ਹੈ ।ਇਸ ਤੋਂ ਅਗੇ ਅਰਦਾਸ ਰਹਿਤ ਮਰਯਾਦਾ ਬਨਾਉਣ ਵਾਲਿਆਂ ਬੁਧੀ ਜੀਵਿਆਂ ਨੇ ਲਿਖੀ ਹੈ।

ਵਾਰ ਦੀਆਂ ਪਪ ਪਉੜੀਆਂ ਹਨ, ਪਚਵੰਜਵੀਂ ਪਉੜੀ-॥ 'ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥ਫੇਰ ਨ ਜੂਨੀ ਆਇਆ ਜਿਨ ਇਹ ਗਾਇਆ' ॥ ਇਸ ਭਗਉਤੀ ਕੀ ਵਾਰ ਵਿਚ ਲੇਖਕ ਨੇ ਲਿਖਿਆ ਹੈ ਕਿ ਵਾਰ ਦੀਆਂ ਸਭੇ ਪਉੜੀਆਂ ਦੁਰਗਾ ਪਾਠ ਹੈ, ਜਿਸ ਤੋਂ ਸਿੱਧ ਹੁੰਦਾ ਹੈ ਭਗਉਤੀ ਦੇਵੀ ਤੇ ਦੁਰਗਾ ਦੇਵੀ ਇੱਕ ਹੀ ਸ਼ਕਤੀ ਦੇ ਦੋ ਨਾਮ ਹਨ। ਅਸੀਂ ਲੇਖਕ ਦੇ ਅਰਥਾਂ ਤੋਂ ਉੱਪਰ ਹੋਰ ਕੋਈ ਅਰਥ ਨਹੀਂ ਕਰ ਸਕਦੇ। ਤ੍ਰਿਯਾ ਚਰਿਤ੍ਰ ਦੇ ਆਰੰਭ ਵਿਚ ਕਵੀ ਭਗਉਤੀ ਦੇ ਅਨੇਕਾਂ ਰੂਪਾਂ ਵਿਚ ਦੁਰਗਾ ਦਾ ਨਾਮ ਵੀ ਲਿਖਦਾ ਹੈ।

ਉੱਪਰ ਲਿਖੀ ਵਿਚਾਰ ਤੋਂ ਜ਼ਾਹਰ ਹੈ ਕਿ ਗੁਰਸਿੱਖ ਨਿਰੋਲ ਗੁਰਬਾਣੀ ਤੋਂ ਇਲਾਵਾ ਦੇਵੀ ਦੇਵਤਿਆਂ ਦੀ ਪੂਜਾ-ਆਰਧਨਾਂ ਵਾਲੀਆਂ ਬਾਣੀਆਂ ਪੜ੍ਹਦੇ, ਸੁਣਦੇ ਤੇ ਗਾਂਵਦੇ

ਹਨ। ਇਹ ਬਾਣੀਆਂ ਸਿੱਖਾਂ ਦੇ ਗੁਰਦੁਆਰਿਆਂ ਵਿਚ ਵੀ ਪੜ੍ਹੀਆਂ ਗਾਵੀਆਂ ਜਾਂਦੀਆਂ ਹਨ।

ਗੁਰਬਾਣੀ ਫੁਰਮਾਨ ਹੈ ਕਿ ਜੋ ਇੱਕੋ ਇੱਕ ਹਸਤੀ ਨਾਮ ਰੂਪ ਅਕਾਲ ਪੁਰਖ ਨੂੰ ਛੱਡ ਕੇ ਹੋਰ ਕਿਸੇ ਇਸ਼ਟ, ਦੇਵੀ ਦੇਵਤੇ, ਕਾਲ ਪੁਰਖ, ਕਾਲ, ਮਹਾਂਕਾਲ ਬ੍ਰਹਮਾ, ਬਿਸਨ, ਮਹੇਸ਼, ਭਗਉਤੀ, ਦੁਰਗਾ ਆਦਿ ਦੀ ਉਸਤਤਿ ਆਰਾਧਨਾਂ ਕਰਦੇ ਹਨ, ਮੂੜ, ਮੁਗਧ, ਖੋਤੇ ਹਨ। ਉਹ ਨਰਕ ਘੋਰ ਵਿਚ ਸੁੱਟੇ ਜਾਂਦੇ ਹਨ।

ਤਿਆਗ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥ ਪਨਾ ੧੨੬੭ ਗੁਰੂ ਗ੍ਰੰਥ ਸਾਹਿਬ।

ਮਾਈ ਰੀ ਆਨ ਸਿਮਰਿ ਮਰਿ ਜਾਂਹਿ ॥
ਤਿਆਗ ਗੋਬਿਦੁ ਜੀਅਨ ਕੋ ਦਾਤਾ ਮਾਇਆ ਸੰਗਿ ਲਪਟਾਹਿ ॥੧॥
ਨਾਮੁ ਬਿਸਾਰਿ ਚਲਹਿ ਅਨ ਮਾਰਗ ਨਰਕ ਘੋਰ ਮਹਿ ਪਾਹਿ ॥
(ਪਨਾ ੧੨੨੫ ਗੁਰੂ ਗ੍ਰੰਥ ਸਾਹਿਬ)

ਹਰ ਇੱਕ ਗੁਰਸਿੱਖ ਨੇਂ ਇਹ ਨਿਜੀ ਫੈਸਲਾ ਕਰਨਾਂ ਹੈ ਕਿ ਉਹ ਨਿਰੋਲ ਗੁਰਬਾਣੀ ਦੇ ਆਧਾਰ ਤੇ ਗੁਰਬਾਣੀ ਪਾਠ, ਕੀਰਤਨ ਗੁਰਮਤਿ ਨਾਮ ਸਿਮਰਨ ਤੇ ਅਰਦਾਸ ਕਰੇ ਜਾਂ ਉਹ ਦੇਵੀ ਦੇਵਤਿਆਂ ਦੀ ਉਸਤਤਿ ਅਰਾਧਨਾਂ ਵੀ ਕਰਦਾ ਰਹੇ।

ਨਵੀਂ ਅਰਦਾਸ ਧੰਨ ਗੁਰੂ ਨਾਨਕ ਤੋਂ ਲੈਕੇ ਗੁਰੂ ਗੋਬਿੰਦ ਸਿੰਘ ਜੀ ਤੇ ਦਸਾਂ ਪਾਤਸ਼ਾਹੀਆਂ ਦੇ ਸਰੂਪ ਗੁਰੂ ਗ੍ਰੰਥ ਸਾਹਿਬ ਅਗੇ ਹੋਵੇਗੀ।

ਗੁਰਬਾਣੀ ਅਨੁਸਾਰ ਜੋ ਗੁਰਸਿੱਖ ਨਾਮ ਰੂਪ ਅਕਾਲ ਪੁਰਖ ਨੂੰ ਛੱਡ ਕੇ, ਦੇਵੀ ਦੇਵਤਿਆਂ ਦੀ ਉਸਤਤਿ ਤੇ ਭਗਉਤੀ ਅਗੇ ਅਰਦਾਸ ਕਰਦੇ ਹਨ ਉਹ ਨਰਕ ਘੋਰ ਵਿਚ ਸੁੱਟੇ ਜਾਨਗੇ।

## ਸੰਤ ਕਹਾਉਨ ਵਾਲਿਆਂ ਦੇ ਕੁਝ ਗੁਟਕਿਆਂ ਦੇ ਨਿਤ ਨੇਮ ਦੇ ਪਾਠ।

ਸੰਤ ਈਸ਼ਰ ਸਿੰਘ ਰਾੜਾ ਸਾਹਿਬ ਤੇ ਸੰਤ ਮਹਾਰਾਜ ਹਰਿਨਾਮ ਸਿੰਘ ਕਿਲੇ ਵਾਲੇ ਦੇ ਨਿਤ ਨੇਮ ਦੇ ਗੁਟਕਿਆਂ ਵਿਚ ਦੇਵੀ-ਦੇਵਤਿਆਂ ਦੀ ਪੂਜਾ ਵਾਲੀਆਂ ਤੇ ਹੋਰ ਅਨੇਕਾਂ ਕੱਚੀਆਂ ਬਾਣੀਆਂ ਹਨ। ਉਹਨਾਂ ਵਿਚੋ ਕੁਝ ਦੇ ਨਾਮ ਅਸੀਂ ਹੇਠਾਂ ਲਿਖੇ ਹਨ।

ਸ਼ਬਦ ਹਜ਼ਾਰੇ ਪਾ: ੧੦ਵੀਂ (ਦਸਮ ਗ੍ਰੰਥ) ਪਨਾ ੭੦੯ ਤੋਂ ੭੧੨ ਤਕ।

{ਗੁਟਕਿਆਂ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਲਏ ਕੁਝ ਸ਼ਬਦ ਵੀ, ਸ਼ਬਦ ਹਜ਼ਾਰੇ ਦੇ ਨਾਮ ਨਾਲ ਜਾਣੇ ਜਾਂਦੇ ਹਨ ਇਹ ਪਨਾ ੯੬, ੬੬੦,੭੨੧-੭੨੨,੭੩੦ ਤੇ ੭੯੫ ਵਿਚ ਅੰਕਿਤ ਹਨ।}
ਅਕਾਲ ਉਸਤਿਤ  (ਦਸਮ ਗ੍ਰੰਥ)
ਚੰਡੀ ਚਰਿਤ੍ਰ ਦੂਸਰਾ (ਦਸਮ ਗ੍ਰੰਥ)
ਉਗ੍ਰਦੰਤੀ  (ਦਸਮ ਗ੍ਰੰਥ)
ਸ਼ਸਤ੍ਰ ਨਾਮ ਮਾਲਾ (ਦਸਮ ਗ੍ਰੰਥ)
ਸਵੈਯੇ ਕਲਕੀ ਅਵਤਾਰ
ਸਹੰਸਰ ਨਾਮਾ (ਜਨਮ ਸਾਖੀ ਭਾਈ ਬਾਲੇ ਵਾਲੀ)
ਕਥਾ ਪੂਰਨਮਾਸ਼ੀ
ਨਸੀਹਤ ਨਾਮਾ

ਕੁਝ ਹੋਰ ਸ਼ਬਦ ਜੋ ਭਿੰਡਰਾਂ ਵਾਲਿਆਂ-ਦਮਦਮੀ ਟਕਸਾਲ ਆਦਿ ਦੇ ਗੁਟਕਿਆਂ ਵਿਚ ਹਨ ਤੇ ਰਹਿਰਾਸ ਤੋਂ ਬਾਅਦ ਪੜ੍ਹੇ ਜਾਂਦੇ ਹਨ।

ਦੋਹਿਰਾ ਦਸਮ ਗ੍ਰੰਥ ਪਨਾ ੧੧੯
੧ .ਜੇ ਜੇ ਤੁਮਰੇ ਧਿਆਨ ਕਉ ਨਿਤ ਉਟਿ ਧਿਐ ਹੈ ਸੰਤਿ ॥
ਅੰਤ ਲਹੈਗੇ ਮੁਕਤਿ ਫਲੁ ਪਾਵਹਿਗੇ ਭਗਵੰਤ ॥
(ਹੇ ਦੁਰਗਾ ਮਾਤਾ ਜਿਹੜੇ ਜਿਹੜੇ ਸੰਤ ਭਗਤ ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਤੇਰੀ ਆਰਾਧਨਾਂ ਕਰਨਗੇ ਉਹ ਅੰਤ ਨੂੰ ਮੁਕਤੀ ਫਲ ਪ੍ਰਾਪਤ ਕਰਨਗੇ ਤੇ ਪ੍ਰਭੂ ਵਿਚ ਅਭੇਦ ਹੋ ਜਾਣਗੇ। ਇਹ ਦੇਵੀ ਪੂਜਾ-ਆਰਧਨਾਂ ਹੈ ।
੨. ਦੋਹਿਰਾ ॥ਦਸਮ ਗ੍ਰੰਥ ੨੫੩
ਰਾਮ ਕਥਾ ਜੁਗ ਅਟਲ ਸਭ ਕੋਈ ਭਾਖਤ ਨੇਤ ॥
ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ ॥ (ਦੇਵੀ ਪੂਜਾ ਅਰਾਧਨਾਂ ਹੈ )।
੩. ਦਸਮ ਗ੍ਰੰਥ ਪਨਾ ੯੯ ।
ਸਵੈਯਾ ॥ ਦੇਹਿ ਸ਼ਿਵਾ ਬਰ ਮੁਹਿ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥
(ਇਹ ਬੇਨਤੀ ਸ਼ਿਵਾ-ਦੁਰਗਾ ਅਗੇ ਹੈ )

੪. ਦਸਮ ਗ੍ਰੰਥ ਪਨਾ ੭੯।
ਇਹ ਇੰਦਰ ਦੇਵਤਾ ਦੀ ਆਰਤੀ ਹੈ, ਰਹਿਰਾਸ ਤੋਂ ਬਾਅਦ ਪੜ੍ਹੀ ਜਾਂਦੀ ਹੈ ।

ਸਵੈਯੈ ੫੪ ਤੇ ੫੫ ਇੰਦਰ ਦੀ ਆਰਤੀ ਦੇ ਹਨ।
॥ਸਵੈਯਾ
॥ ਯਾਤੇ ਪ੍ਰਸੰਨ ਭਏ ਹੈ ਮਹਾਮੁਨਿ ਦੇਵਨ ਕੇ ਤਪ ਮੈ ਸੁਖ ਪਾਵੈਂ ॥
ਜਗ ਕਰੈ ਇਕ ਬੇਦ ਰਰੈ ਭਵ ਤਾਪ ਹਰੈ ਨਿਤ ਧਿਆਨਹਿ ਲਾਵੈਂ ॥
ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈਂ ॥

ਕਿੰਨਰ ਗੰਧਰਬ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ ॥ ੫੪ ॥
ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ ॥
ਆਰਤੀ ਕੋਟਿ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੇ ਬਲ ਜਾਵੈਂ ॥
ਧਾਨਤਿ  ਦੱਛਨ ਦੈਕੈ ਪ੍ਰੱਦਛਨ ਭਾਲ ਮੈ ਕੁੰਕਮ ਅੱਛਤ ਲਾਵੈਂ ॥
ਹੋਤ ਕੁਲਾਹਲ ਦੇਵਪੁਰੀ ਮਿਲਿ ਦੇਵਨ ਕੇ ਕੁਲਿ ਗਾਵੈਂ ॥ ੫੫ ॥
ਦੋਹਿਰਾ ॥
ਐਸੇ ਚੰਡ ਪ੍ਰਤਾਪ ਤੇ ਦੇਵਨ ਬਢਿਓ ਪ੍ਰਤਾਪ ॥
ਤੀਨ ਲੋਕ ਜੈ ਜੈ ਕਰੈ ਰਹੈ ਨਾਮ ਸਤਿ ਜਾਪ ॥ ੫੬ ॥
(ਇਸ ਤ੍ਰਹਾਂਦੇਵੀ ਦੀ ਕਿਰਪਾ ਨਾਲ ਦੇਵਤਿਆਂ ਦਾ ਬੜਾ ਤੇਜ ਪ੍ਰਤਾਪ ਵਧਿਆ । ਤਿੰਨਾਂ ਲੋਕਾਂ ਵਿਚ ਦੁਰਗਾ ਦੀ ਜੈ ਜੈਕਾਰ ਹੋਣ ਲਗ ਪਈ ਤੇ ਦੇਵਤੇ 'ਦੁਰਗਾ ਸਪਤ ਸਈ' ਦਾ ਪਾਠ ਕਰਦੇ ਹਨ ।)

ਉੱਪਰ ਦਿਤੇ ਪਾਠ ਕਰਨ ਵਾਲਿਆਂ ਨੂੰ ਭੀ ਗੁਰਬਾਣੀ ਅਨੁਸਾਰ ਨਰਕ ਘੋਰ ਵਿਚ ਸੁੱਟਿਆ ਜਾਵੇਗਾ।

ਇਹ ਲੇਖ ਦਾਸ ਨੇਂ ਸ: ਤਰਸੇਮ ਸਿੰਘ  ਅਰਜਨ ਨਗਰ ਵਾਲਿਆਂ ਦੇ ਸਹਯੋਗ ਨਾਲ ਲਿਖਿਆ ।

ਡਾ: ਗੁਰਮੁਖ ਸਿੰਘ, ੨ ਸਤੰਬਰ ੨੦੧੫
ਨਵੀਂ ਦਿੱਲੀ ਫੋਨ ੦੧੧ – ੨੬੧੦੨੩੭੬